ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ

4486
11/6/21

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)
ਸਮੂਹ ਸਕੂਲ ਮੁਖੀ, (ਪ੍ਰਾਇਮਰੀ, ਮਿਡਲ,ਹਾਈ,ਸੀਨੀਅਰ ਸੈਕੰਡਰੀ )
ਪੰਜਾਬ।

ਮੀਮੋ ਨੰਬਰ DPISE-SEDUOGENL/7/2021-SE /2021186430
ਮਿਤੀ: ਸ.ਅ.ਸ.ਨਗਰ, 10-06-2021

ਵਿਸ਼ਾ :- ਦਾਖਲਾ ਮੁਹਿੰਮ 2021-22 ਲਈ ਫੀਲਡ ਵਿੱਚੋਂ ਪ੍ਰਾਪਤ ਸੁਝਾਅ ਸਬੰਧੀ ।

1.0 ਆਪ ਜੀ ਵੱਲੋਂ ਸਰਕਾਰੀ ਸਕੂਲਾਂ ਵਿੱਚ ਦਾਖਲਾ ਵਧਾਉਣ ਸਬੰਧੀ ਕੀਤੇ ਉਪਰਾਲਿਆਂ ਅਤੇ ਕੋਸ਼ਿਸ਼ਾਂ ਸਦਕਾ ਸਰਕਾਰੀ ਸਕੂਲਾਂ ਵਿੱਚ ਦਾਖਲਾ ਮੁਹਿੰਮ ਨੂੰ ਬਹੁਤ ਵਧੀਆ ਹੁਲਾਰਾ ਮਿਲਿਆ ਹੈ ।ਪਿਛਲੇ ਦਿਨੀਂ ਦਾਖਲਾ ਮੁਹਿੰਮ ਸਬੰਧੀ ਮੁੱਖ ਦਫਤਰ ਵੱਲੋਂ ਸਕੂਲ ਮੁਖੀਆਂ ਨਾਲ ਕੀਤੀਆਂ ਗਈਆਂ ਮੀਟਿੰਗਾਂ ਵਿੱਚ ਸੁਝਾਅ ਮਿਲੇ ਹਨ । ਫੀਲਡ ਵਿੱਚੋਂ ਪ੍ਰਾਪਤ ਹੋਏ ਸੁਝਾਵਾਂ ਦੇ ਮੱਦੇਨਜ਼ਰ ਹੇਠ ਲਿਖੇ ਨੁਕਤੇ ਆਪ ਨਾਲ ਸਾਂਝੇ ਕੀਤੇ ਜਾ ਰਹੇ ਹਨ ਤਾਂ ਜੋ ਦਾਖਲਾ ਮੁਹਿੰਮ ਦੇ ਹੋਰ ਚੰਗੇਰੇ ਨਤੀਜੇ ਪ੍ਰਾਪਤ ਕੀਤੇ ਜਾ ਸਕਣ :-

2.0 ਸਕੂਲ ਦੇ ਪੁਰਾਣੇ ਵਿਦਿਆਰਥੀ (Alumni) ਸਕੂਲ ਨਾਲ ਭਾਵਨਾਤਮਿਕ ਤੌਰ ਤੇ ਜੁੜੇ ਹੁੰਦੇ ਹਨ । ਉਹਨਾਂ ਦੀਆਂ ਕਾਮਯਾਬੀ ਦੀਆਂ ਕਹਾਣੀਆਂ ਸ਼ੋਸ਼ਲ ਮੀਡੀਏ ਤੇ ਵੱਧ ਤੋਂ ਵੱਧ ਸਾਂਝੀਆ ਕੀਤੀਆਂ ਜਾ ਸਕਦੀਆਂ ਹਨ । ਇਹਨਾਂ ਨਾਲ ਸਕੂਲ ਵਿੱਚ ਮੌਜੂਦਾ ਪੜ੍ਹਦੇ ਵਿਦਿਆਰਥੀ ਅਤੇ ਉਸ ਇਲਾਕੇ ਦੇ ਲੋਕ ਪ੍ਰੇਰਿਤ ਹੋਣਗੇ।

3.0 ਵਿਦਿਆਰਥੀਆਂ ਨੂੰ ਆਮ ਆਚਾਰ- ਵਿਹਾਰ ਵਿੱਚ ਮਾਤ ਭਾਸ਼ਾ ਦੇ ਨਾਲ -ਨਾਲ ਅੰਗ੍ਰੇਜ਼ੀ ਭਾਸ਼ਾ ਵਿੱਚ ਵੀ ਗੱਲਬਾਤ ਕਰਨ ਦਾ ਅਭਿਆਸ ਕਰਵਾਇਆ ਜਾ ਸਕਦਾ ਹੈ । ਇਸ ਦੇ ਨਾਲ EBC (English Booster Club) ਦੀਆਂ ਗਤੀਵਿਧੀਆਂ ਨੂੰ ਵਿਦਿਆਰਥੀਆਂ ਦੁਆਰਾ ਵਰਤੇ ਜਾਣ ਵਾਲੇ ਸਾਰੇ ਸ਼ੋਸ਼ਲ ਮੀਡੀਏ ਤੇ ਸਾਂਝਾ ਕੀਤਾ ਜਾ ਸਕਦਾ ਹੈ।

4.0 ਜੇਕਰ ਵਿਦਿਆਰਥੀ'Punjab Educare App' ਅਤੇ 'ਦੂਰਦਰਸ਼ਨ ਰਾਹੀਂ ਸਿੱਖਿਆ' ਦੀਆਂ ਵਿਸ਼ੇਸ਼ਤਾਵਾਂ ਖੁਦ ਆਪਣੇ ਵਿਦਿਆਰਥੀ ਸਾਥੀਆਂ ਨਾਲ ਸਾਂਝਾ ਕਰਨ ਤਾਂ ਉਨ੍ਹਾਂ ਦੇ ਵਿਦਿਆਰਥੀ ਸਾਥੀਆਂ ਦੀ ਰੁਚੀ ਵੀ ਸਰਕਾਰੀ ਸਕੂਲਾਂ ਵਿੱਚ ਦਾਖਲੇ ਲਈ ਵਧੇਗੀ ।

5.0 ਕਈ ਸਕੂਲਾਂ ਨੇ ਆਪਣੇ ਵਿਦਿਆਰਥੀਆਂ ਵਿੱਚੋਂ ਹੈੱਡ ਬੁਆਏ, ਹੈੱਡ ਗਰਲ, ਜਮਾਤਾਂ ਦੇ ਮੋਨੀਟਰ ਅਤੇ ਬੱਡੀ ਲੀਡਰ ਦੀ ਚੋਣ ਕਰਕੇ ਉਨ੍ਹਾਂ ਨੂੰ ਇੰਨਰੋਲਮੈਂਟ ਮਿਸ਼ਨ ਵਿੱਚ ਸ਼ਾਮਿਲ ਕੀਤਾ ਹੈ। ਇਸ ਤੋਂ ਇਲਾਵਾ ਕਈ ਵਿਦਿਆਰਥੀਆਂ ਵੱਲੋਂ ਸਕੂਲ ਦਾ ਇਸ਼ਤਿਹਾਰ ਆਪਣੀ ਹੱਥ ਲਿੱਖਤ ਵਿੱਚ ਤਿਆਰ ਕਰਕੇ ਆਪਣੇ ਰਿਹਾਇਸ਼ੀ ਇਲਾਕੇ ਵਿੱਚ ਪ੍ਰਦਰਸ਼ਿਤ ਕੀਤਾ ਹੈ । ਵਿਦਿਆਰਥੀਆਂ ਦੀ ਦਾਖਲਾ ਮੁਹਿੰਮ ਵਿੱਚ ਇਸ ਤਰ੍ਹਾਂ ਦੀ ਮਦਦ ਇਸ ਮੁਹਿੰਮ ਨੂੰ ਹੋਰ ਰਫਤਾਰ ਦਿੰਦੀ ਹੈ।

6.0 'ਹਰ ਕੋਈ ਲਿਆਵੇ ਹੋਰ-ਹੋਰ'/'Each one bring more and more'ਦੇ ਸੰਕਲਪ ਨਾਲ ਵਿਦਿਆਰਥੀਆਂ ਵਿੱਚ ਪ੍ਰੇਰਣਾ ਪੈਂਦਾ ਕਰਨ ਹਿੱਤ ਉਹਨਾਂ ਨੂੰ ਉਤਸ਼ਾਹਿਤ ਕਰਨ ਲਈ ਸਕੂਲ ਆਪਣੇ ਪੱਧਰ ਤੇ ਈ-ਸਰਟੀਫਿਕੇਟ/ਇਨਸੈਂਟਿਵ ਪ੍ਰਦਾਨ ਕਰ ਸਕਦਾ ਹੈ।

Scanned with CamScanner

7.0 ਵਿਦਿਆਰਥੀਆਂ ਦੀ ਫੋਨ-ਚੇਨ ਜਿੱਥੇ ਪੜ੍ਹਾਈ ਅਤੇ ਹੋਰ ਗਤੀਵਿਧੀਆਂ ਲਈ ਕਾਰਗਰ ਸਿੱਧ ਹੋ ਰਹੀ ਹੈ, ਉਥੇ ਇਸ ਰਾਹੀਂ ਨਵੇਂ ਵਿਦਿਆਰਥੀਆਂ ਨੂੰ ਸਕੂਲ ਵਿੱਚ ਦਾਖਲ ਹੋਣ ਲਈ ਵੀ ਪ੍ਰੇਰਿਤ ਕੀਤਾ ਜਾ ਸਕਦਾ ਹੈ।

8.0 ਵਿਦਿਆਰਥੀਆਂ ਦੀ ਪੜ੍ਹਾਈ ਦੇ ਮੱਦੇਨਜਰ ਵਿਦਿਆਰਥੀਆਂ ਦੀਆਂ ਆਨ-ਲਾਇਨ ਕਲਾਸਾਂ ਲਗਾਈਆ ਜਾ ਰਹੀਆਂ ਹਨ। ਇਹਨਾਂ ਆਨ-ਲਾਈਨ ਕਲਾਸਾਂ ਲਗਾਉਣ ਦੇ ਸਮੇਂ ਅਧਿਆਪਕ ਸਹਿਬਾਨ ਆਪਣੇ ਵਿਦਿਆਰਥੀਆਂ ਨੂੰ ਸਕੂਲ ਵਿੱਚ ਨਵੇਂ ਬੱਚੇ ਦਾਖਲ ਕਰਾਉਣ ਲਈ ਪ੍ਰੇਰਿਤ ਕਰ ਸਕਦੇ ਹਨ।

9.0 ਅਧਿਆਪਕਾਂ ਅੰਦਰ ਅੰਗ੍ਰੇਜ਼ੀ ਭਾਸ਼ਾ ਵਿੱਚ ਗੱਲਬਾਤ ਕਰਨ ਦੀ ਝਿਜਕ ਨੂੰ ਖਤਮ ਕਰਨ ਲਈ ਸਕੂਲ ਪੱਧਰ ਤੇ ਪ੍ਰੋਗਰਾਮ ਉਲੀਕੇ ਜਾ ਸਕਦੇ ਹਨ। ਉਨ੍ਹਾਂ ਦੀਆਂ ਛੋਟੀਆਂ ਵੀਡਿਓ ਤਿਆਰ ਕਰਵਾ ਕੇ ਸ਼ੋਸ਼ਲ ਮੀਡੀਏ ਤੇ ਸਾਂਝੀਆਂ ਕੀਤੀਆਂ ਜਾ ਸਕਦੀਆਂ ਹਨ।

10.0 ਅਧਿਆਪਕ ਸਾਹਿਬਾਨ ਵੱਲੋਂ NTSE/NMMS ਦੀ ਤਿਆਰੀ ਬੜੀ ਮਿਹਨਤ ਨਾਲ ਕਰਵਾਈ ਜਾ ਰਹੀ ਹੈ। ਇਸ ਦੀ ਤਿਆਰੀ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਸਮੂਲੀਅਤ ਕਰਵਾਈ ਜਾ ਸਕਦੀ ਹੈ ਤਾਂ ਜੋ ਬੱਚਿਆਂ ਵਿੱਚ ਮੁਕਾਬਲੇ ਸਬੰਧੀ ਝਿਜਕ ਨੂੰ ਦੂਰ ਕੀਤਾ ਜਾ ਸਕੇ। ਇਸ ਸਰਗਰਮੀ ਦੇ ਵਿੱਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਨਾਲ-ਨਾਲ ਦੂਸਰੇ ਵਿਦਿਆਰਥੀਆਂ ਨੂੰ ਮੌਕਾ ਦਿੱਤਾ ਜਾ ਸਕਦਾ ਹੈ। ਇਸ ਨਾਲ ਹੋਰ ਵਿਦਿਆਰਥੀ ਵੀ ਸਰਕਾਰੀ ਸਕੂਲਾਂ ਵੱਲ ਆਕਰਸ਼ਤ ਹੋਣਗੇ।

11.0 ਸਕੂਲਾਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਲੱਗ ਰਹੇ ਆਨ-ਲਾਈਨ ਸਮਰ ਕੈਂਪਾ ਵਿੱਚ ਵਿਦਿਆਰਥੀਆਂ ਵੱਲੋਂ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਇਹਨਾ ਗਤੀਵਿਧੀਆਂ ਦਾ ਸ਼ੋਸ਼ਲ ਮੀਡੀਏ/ ਪ੍ਰਿੰਟ ਮੀਡੀਏ ਦੁਆਰਾ ਕੀਤਾ ਪ੍ਰਚਾਰ ਭਾਈਚਾਰੇ ਤੇ ਚੰਗਾ ਅਸਰ ਪਾਉਂਦਾ ਹੈ ਜਿਸ ਨਾਲ ਲੋਕ ਆਪਣੇ ਬੱਚਿਆ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਉਤਸ਼ਾਹਿਤ ਹੁੰਦੇ ਹਨ।

12.0 ਸੀਨੀਅਰ ਜਮਾਤਾਂ ਦੇ ਵਿਦਿਆਰਥੀਆਂ ਨੂੰ ਵਿਭਾਗ ਦੇ ਫੇਸਬੁੱਕ ਐਕਟੀਵਿਟੀ ਪੇਜ ਨਾਲ ਜੋੜ ਕੇ ਉਹਨਾਂ ਦੀ ਐਕਟਿਵ ਭਾਗੀਦਾਰੀ ਬਣਾਈ ਜਾ ਸਕਦੀ ਹੈ। ਅਜਿਹਾ ਹੋਣ ਨਾਲ ਸਕੂਲਾਂ ਵਿੱਚ ਹੋ ਰਹੀਆ ਗਤੀਵਿਧੀਆਂ ਨੂੰ ਉਹ ਆਪਣੇ ਦੋਸਤਾਂ ਅਤੇ ਸਾਕ-ਸਬੰਧੀਆਂ ਨਾਲ ਸਾਂਝਾ ਕਰ ਸਕਣਗੇ।

13.0 ਸਥਾਨਕ ਕਮਿਉਨਿਟੀ ਵਿੱਚੋਂ 4-5 ਮੋਹਤਬਰ ਵਿਅਕਤੀਆਂ ਨੂੰ ਵਲੰਟੀਅਰ ਤੌਰ ਤੇ ਸਕੂਲ ਦੇ ਪ੍ਰਤੀਨਿਧੀ ਵੱਜੋਂ ਮਨੋਨੀਤ ਕੀਤੇ ਜਾ ਸਕਦਾ ਹੈ ਤਾਂ ਜੋ ਉਹੋ ਸਕੂਲ ਦੀਆਂ ਗਤੀਵਿਧੀਆਂ ਦਾ ਸਕਾਰਾਤਮਿਕ ਪ੍ਰਚਾਰ ਕਰਨ ਵਿੱਚ ਯੋਗਦਾਨ ਪਾ ਸਕਣ।

ਸਕੂਲ ਮੁਖੀਆਂ ਦੁਆਰਾ ਦਿੱਤੇ ਉਪਰੋਕਤ ਸੁਝਾਵਾਂ ਦੀ ਰੌਸ਼ਨੀ ਵਿੱਚ ਦੂਸਰੇ ਸਕੂਲ ਮੁਖੀ ਵੀ ਆਪਣੀ ਇੱਛਾ ਅਨੁਸਾਰ ਇਨ੍ਹਾਂ ਨੂੰ ਆਪਣੇ ਸਕੂਲਾਂ ਵਿੱਚ ਲਾਗੂ ਕਰਕੇ ਦਾਖਲੇ ਵਿੱਚ ਵਾਧਾ ਕਰਨ ਲਈ ਲਾਹਾ ਲੈ ਸਕਦੇ ਹਨ।

ਸਕੱਤਰ ਸਕੂਲ ਸਿੱਖਿਆ